# DIRECTORATE OF EDUCATION

Shiromani Gurdwara Parbandhak Committee,
Sri Amritsar Sahib



# Prospectus

## 2025-26

# MATA GANGA KHALSA COLLEGE

## MANJI SAHIB, KOTTAN (LUDHIANA)

**Affiliated to Panjab University, Chandigarh**

NAAC Accredited '**B**+' Grade College

www.mgkckottan.org.in

ਤਿਲੰਗ ਮਹਲਾ ੫ ਘਰੁ ੩ ॥
ਮਿਹਰਵਾਨੁ ਸਾਹਿਬੁ ਮਿਹਰਵਾਨੁ ॥
ਸਾਹਿਬੁ ਮੇਰਾ ਮਿਹਰਵਾਨੁ ॥
ਜੀਅ ਸਗਲ ਕਉ ਦੇਇ ਦਾਨੁ ॥ ਰਹਾਉ ॥
ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥
ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥੧॥
ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥
ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥੨॥
ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ ॥
ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ॥੩॥
ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ ॥
ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥੪॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੨੪)

## ਸਾਡੇ ਉਦੇਸ਼ ਅਤੇ ਟੀਚੇ

- ਧਰਮ, ਜਾਤ, ਨਸਲ ਅਤੇ ਰੰਗ ਦੇ ਭੇਦ-ਭਾਵ ਤੋਂ ਉਪਰ ਉੱਠ ਕੇ ਸਰਵਪੱਖੀ ਵਿਕਾਸ ਦੇ ਇੱਕੋ ਜਿਹੇ ਮੌਕੇ ਪ੍ਰਦਾਨ ਕਰਨੇ।
- ਗੁਣਵੱਤਾ ਤੇ ਗਿਆਨ ਅਧਾਰਿਤ ਸਿੱਖਿਆ ਨਾਲ ਜੋੜਦਿਆਂ, ਵਿਸ਼ਵੀਕਰਨ ਅਤੇ ਨਿੱਜੀਕਰਨ ਦੇ ਯੁੱਗ ਵਿਚ ਸਮੇਂ ਦੇ ਹਾਣੀ ਬਣਾਉਣਾ।
- ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਪ੍ਰਤਿਯੋਗਤਾ ਵਿਚ ਮੁਹਾਰਤ ਪ੍ਰਦਾਨ ਕਰਨ ਲਈ ਉੱਤਮ ਸਿੱਖਿਆ ਸਰੋਤਾਂ ਤੇ ਉਪਕਰਨਾਂ ਦਾ ਪ੍ਰਬੰਧ ਕਰਾਉਣਾ।
- ਵਿਦਿਆਰਥੀਆਂ ਦੀ ਅਜਿਹੀ ਨਿੱਗਰ ਤੇ ਨਰੋਈ ਸ਼ਖ਼ਸੀਅਤ ਦਾ ਨਿਰਮਾਣ ਕਰਨਾ ਜੋ ਚੰਗੇਰੇ ਤੇ ਸੰਵੇਦਨਸ਼ੀਲ ਸਮਾਜ ਦੀ ਸਿਰਜਣਾ ਵਿਚ ਅਹਿਮ ਯੋਗਦਾਨ ਪਾ ਸਕਣ।

# ਤਤਕਰਾ




**ਸੰਦੇਸ਼**

ਪ੍ਰਧਾਨ ਸਾਹਿਬ, ਸ਼੍ਰੋਮਣੀ ਗੁ. ਪ੍ਰ. ਕਮੇਟੀ ........ 2

ਸਕੱਤਰ ਵਿੱਦਿਆ, ਸ਼੍ਰੋਮਣੀ ਗੁ. ਪ੍ਰ. ਕਮੇਟੀ ........ 3

ਕਾਲਜ ਪ੍ਰਿੰਸੀਪਲ ........ 4

**ਕਾਲਜ ਪ੍ਰੋਫ਼ਾਈਲ** ........ 5

**ਕਾਲਜ ਸਟਾਫ਼**

ਟੀਚਿੰਗ ਸਟਾਫ਼ ........ 6

ਨਾਨ-ਟੀਚਿੰਗ ਸਟਾਫ਼ ........ 7

ਚੌਥਾ ਦਰਜਾ ਸਟਾਫ਼ ........ 7

ਲਇਬ੍ਰੇਰੀ ਸਟਾਫ਼ ........ 8

**ਅਕਾਦਮਿਕ ਕੌਂਸਲ ਅਤੇ**
**ਮਹੱਤਵਪੂਰਨ ਪ੍ਰਬੰਧਕੀ ਅਹੁਦੇ** ........ 8

ਜ਼ੋਨਲ ਯੂਥ ਐਂਡ ਹੈਰੀਟੇਜ ਫੈਸਟੀਵਲ ਦੀ
ਪ੍ਰਬੰਧਕ ਕਮੇਟੀ ਅਤੇ ਸੀ.ਐਸ.ਏ. ਕਮੇਟੀ ........ 9

ਐੱਨ.ਸੀ.ਸੀ. ਕੈਡਿਟਸ ਅਤੇ
ਐੱਨ.ਐੱਸ.ਐੱਸ. ਯੂਨਿਟ ........ 10

**ਕਾਲਜ ਵਿਖੇ ਚੱਲ ਰਹੇ ਕੋਰਸ** ........ 11-17

ਇਮਤਿਹਾਨ ਤੇ ਛੁੱਟੀਆਂ ਸਬੰਧੀ ਨਿਯਮ ........ 18

ਵਜ਼ੀਫ਼ੇ ........ 18-19

ਵਿਸ਼ੇਸ਼ ਸਹੂਲਤਾਂ ........ 19-20

ਹੋਰ ਜਾਣਕਾਰੀਆਂ ........ 21

**ਇਨਾਮ/ਰੋਲ ਆਫ਼ ਆਨਰ/**
**ਕਾਲਜ ਕਲਰ** ........ 22

**ਕਾਲਜ ਵਿਖੇ ਚੱਲ ਰਹੀਆਂ ਵਿਦਿਅਕ/**
**ਸਹਿ-ਵਿਦਿਅਕ ਅਤੇ ਧਾਰਮਿਕ ਸਭਾ-ਸੁਸਾਇਟੀਆਂ**
........ 23-36

**ਜ਼ਰੂਰੀ ਨਿਯਮ**
**ਅਤੇ ਹਦਾਇਤਾਂ** ........
........ 37

**Academic Calendar & Admission Schedule**
According to Panjab University Chandigarh
........ 38-39

**Cultural Activities** ........ 40

**College Trips** ........ 41

**Roll Of Honour Sports (2024-25)** ........ 42

**Roll Of Honour Sports (2024-25)** ........ 43

**Roll Of Honour Academics**
**(2024-25)** ........ 43

**Medal Holder Meritorious**
**Students** ........ 44



# ਸੰਦੇਸ਼

**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥**

ਸਿੱਖਾਂ ਦੀ ਪ੍ਰਮੁੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਦਾ ਇਤਿਹਾਸ ਬਹੁਤ ਨਿਵੇਕਲਾ ਅਤੇ ਕੁਰਬਾਨੀਆਂ ਭਰਿਆ ਹੈ। ਇਸ ਦੇ ਹੋਂਦ ਵਿੱਚ ਆਉਣ ਨਾਲ ਸਿੱਖ ਸ਼ਕਤੀ ਸੰਗਠਿਤ ਹੋਈ, ਜਿਸ ਨੇ ਪੰਥਕ ਹਿੱਤਾਂ ਦੀ ਤਰਜ਼ਮਾਨੀ ਕੀਤੀ। ਗੁਰੂ ਘਰਾਂ ਦੇ ਸੁਚੱਜੇ ਪ੍ਰਬੰਧ, ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ, ਪੰਥਕ ਮਸਲਿਆਂ, ਸਿਹਤ ਸੇਵਾਵਾਂ, ਲੋਕ ਭਲਾਈ, ਵਿੱਦਿਆ ਤੋਂ ਲੈ ਕੇ ਸਮਾਜ ਦੇ ਹਰ ਖੇਤਰ ਵਿਚ ਇਸ ਦੀ ਭੂਮਿਕਾ ਮੋਹਰੀ ਰਹੀ ਹੈ।

ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਵਿੱਦਿਆ ਦੇ ਪਸਾਰ ਲਈ ਵਿੱਦਿਅਕ ਸੰਸਥਾਵਾਂ ਦੀ ਸਥਾਪਨਾ ਕਰਕੇ ਨਿਰਸਵਾਰਥ ਭਾਵਨਾ ਨਾਲ ਉੱਚ, ਮਿਆਰੀ, ਸਮੇਂ ਦੇ ਹਾਣ ਦੀ ਸਿੱਖਿਆ ਪ੍ਰਦਾਨ ਕਰਨ ਹਿੱਤ ਅਤੇ ਨੈਤਿਕ ਕਦਰਾਂ-ਕੀਮਤਾਂ, ਅਮੀਰ ਸਿੱਖ ਵਿਰਸਾ, ਸਿੱਖੀ ਸਿਧਾਂਤਾਂ ਤੇ ਸਿੱਖੀ ਜੀਵਨ ਦਰਸ਼ਨ ਅਨੁਸਾਰ ਵਿਦਿਆਰਥੀਆਂ ਦੀ ਸ਼ਖ਼ਸੀਅਤ ਉਸਾਰੀ ਕਰਨ ਲਈ ਨਿੱਗਰ ਯੋਗਦਾਨ ਪਾਇਆ ਜਾ ਰਿਹਾ ਹੈ।

ਅਜੋਕੇ ਸਮੇਂ ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਸਿੱਖਿਆ ਦੇ ਖੇਤਰ ਵਿੱਚ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ, ਨੌਜਵਾਨ ਪੀੜ੍ਹੀ ਨੂੰ ਸਹੀ ਸੇਧ ਤੇ ਦਿਸ਼ਾ ਦੇਣ, ਪਤਿਤਪੁਣੇ ਤੇ ਨਸ਼ਿਆਂ ਜਿਹੀਆਂ ਅਲਾਮਤਾਂ ਤੋਂ ਬਚਾਉਣ, ਸਦਾਚਾਰਕ ਤੇ ਨੈਤਿਕ ਸਿੱਖਿਆ ਪ੍ਰਦਾਨ ਕਰਨ, ਪੱਛਮੀ ਚਕਾਚੌਂਧ ਤੋਂ ਪ੍ਰਭਾਵਿਤ ਰਹਿਣੀ-ਬਹਿਣੀ ਤੇ ਪੱਛਮੀ ਮੁਲਕਾਂ ਵੱਲ ਨੌਜਵਾਨਾਂ ਦੇ ਪ੍ਰਵਾਸ ਨੂੰ ਠੱਲ੍ਹ ਪਾਉਣ ਪ੍ਰਤੀ ਵਿੱਦਿਅਕ ਅਦਾਰਿਆਂ ਦੀ ਅਹਿਮ ਭੂਮਿਕਾ ਤੇ ਜ਼ਿੰਮੇਵਾਰੀ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਅਤਿ-ਆਧੁਨਿਕ ਤਕਨੀਕ ਨਾਲ ਅਤੇ ਮਸ਼ੀਨੀ ਜਾਂ ਮਸਨੂਈ ਬੁੱਧੀਮਾਨਤਾ ਦੇ ਇਸ ਯੁੱਗ ਵਿੱਚ ਨੌਜਵਾਨਾਂ ਨੂੰ ਨਵੀਂ ਤਕਨੀਕ ਨਾਲ ਲਬਰੇਜ਼ ਸਹੂਲਤਾਂ ਮੁਹੱਈਆ ਕਰਵਾਉਣ ਦੇ ਨਾਲ-ਨਾਲ ਮੁੱਲਵਾਨ ਮਾਨਵੀ ਕਦਰਾਂ-ਕੀਮਤਾਂ, ਉੱਚੇ ਆਦਰਸ਼ਾਂ, ਨੈਤਿਕ ਮੁੱਲਾਂ ਅਤੇ ਸਿੱਖੀ ਸਿਧਾਂਤਾਂ ਦੀ ਸਿੱਖਿਆ ਦੇਣਾ ਆਪਣਾ ਫਰਜ਼ ਸਮਝਦੀਆਂ ਹਨ। ਇਨਾ ਸੰਸਥਾਵਾਂ ਦਾ ਮੰਤਵ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਸੰਜਮ, ਸੰਤੋਖ ਤੇ ਸੰਵੇਦਨਸ਼ੀਲਤਾ ਜਿਹੇ ਗੁਣਾਂ ਦਾ ਸੰਚਾਰ ਕਰਕੇ ਨਿੱਗਰ ਚਰਿੱਤਰ ਦਾ ਨਿਰਮਾਣ ਕਰਨਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਫੁਰਮਾਨ/ਬਚਨ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਅਨੁਸਾਰ ਵਿਦਿਆ ਪ੍ਰਾਪਤ ਕਰਕੇ ਸੰਗਤ ਵਿੱਚ ਪਰਉਪਕਾਰ ਕਰਨ ਦਾ ਉਪਦੇਸ਼ ਹੈ। ਵਿੱਦਿਆ ਦੂਜਿਆਂ ਦੀ ਭਲਾਈ ਕਰਨਾ ਸਿਖਾਉਂਦੀ ਹੈ ਅਤੇ ਮਨੁੱਖ ਅਸਲ ਵਿੱਦਿਆ ਪ੍ਰਾਪਤ ਕਰਕੇ ਹੀ 'ਵਿਚਾਰਵਾਨ' ਬਣਦਾ ਹੈ। ਇਸ ਆਦਰਸ਼ ਉੱਤੇ ਚੱਲਦਿਆਂ ਸਿੱਖਿਆ ਵਿੱਚ ਸਿੱਖ ਸੁਰਤਿ, ਮਤਿ, ਮਨੁ, ਬੁਧਿ, ਬਿਬੇਕ ਰਾਹੀਂ ਰੋਸ਼ਨ ਦਿਮਾਗ਼ ਅਤੇ ਸਿੱਖੀ ਸਰੂਪ ਦੀ ਝਲਕ ਵੀ ਦ੍ਰਿਸ਼ਟੀਮਾਨ ਹੋਣੀ ਜ਼ਰੂਰੀ ਹੈ।

ਮੈਂ ਸੰਸਥਾ ਵਿੱਚ ਦਾਖ਼ਲਾ ਲੈਣ ਵਾਲੇ ਸਮੂਹ ਵਿਦਿਆਰਥੀਆਂ ਨੂੰ ਖ਼ੁਸ਼-ਆਮਦੀਦ ਆਖਦਾ ਹੋਇਆ ਸਭ ਦੇ ਰੋਸ਼ਨ ਭਵਿੱਖ ਲਈ ਤਹਿ ਦਿਲੋਂ ਸ਼ੁੱਭ ਇੱਛਾਵਾਂ ਦਿੰਦਾ ਹਾਂ।

**ਐਡਵੋਕੇਟ ਹਰਜਿੰਦਰ ਸਿੰਘ 'ਧਾਮੀ'**
ਪ੍ਰਧਾਨ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।



# ਸੰਦੇਸ਼

**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥**

ਪਿਆਰੇ ਵਿਦਿਆਰਥੀਓ,

ਸਿੱਖ ਧਰਮ ਦਾ ਇਤਿਹਾਸ ਸਦਾ ਮਾਣਮੱਤਾ ਅਤੇ ਸ਼ਾਨਾਮੱਤਾ ਰਿਹਾ ਹੈ। ਸਿੱਖ ਧਰਮ ਨੇ ਜਿੱਥੇ ਸਰਬੱਤ ਦੇ ਭਲੇ, ਹੱਕ-ਸੱਚ, ਨਿਆਂ, ਮਨੁੱਖਤਾ ਦੀ ਭਲਾਈ ਲਈ ਲਾਸਾਨੀ ਸ਼ਹੀਦੀਆਂ ਤੇ ਕੁਰਬਾਨੀਆਂ ਦੇਣ ਦੀ ਵੱਖਰੀ ਮਿਸਾਲ ਕਾਇਮ ਕੀਤੀ ਹੈ ਉਥੇ ਸਿੱਖ ਕੌਮ ਨੇ ਵਿਸ਼ਵ ਵਿੱਚ ਵਿਲੱਖਣ ਹੋਂਦ ਅਤੇ ਪਹਿਚਾਣ ਬਣਾਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖਾਂ ਦੀ ਸਿਰਮੌਰ ਸੰਸਥਾ ਹੈ ਜਿਸ ਦਾ ਮੂਲ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਤੇ ਪਸਾਰ ਕਰਨਾ ਹੈ। ਇਹ ਸੰਸਥਾ ਸਿੱਖੀ ਦਾ ਪ੍ਰਚਾਰ ਕਰਨ ਦੇ ਨਾਲ-ਨਾਲ ਸਮਾਜ ਸੇਵਾ ਅਤੇ ਵਿੱਦਿਆ ਦੇ ਪਸਾਰ ਲਈ ਵੀ ਸ਼ਲਾਘਾਯੋਗ ਕਾਰਜ ਕਰ ਰਹੀ ਹੈ।

ਗੁਰੂ ਸਾਹਿਬਾਨ ਦੁਆਰਾ ਸਮੁੱਚੀ ਮਾਨਵਤਾ ਦੇ ਭਲੇ ਲਈ ਦਰਸਾਏ ਮਾਰਗ ਉੱਤੇ ਚੱਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਬਹੁਪੱਖੀ ਸਿੱਖਿਆ ਪ੍ਰਦਾਨ ਕਰਨ ਲਈ ਯਤਨਸ਼ੀਲ ਹਨ। ਇਹਨਾਂ ਵਿੱਦਿਅਕ ਅਦਾਰਿਆਂ ਦਾ ਮੂਲ ਉਦੇਸ਼ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਫੈਲਾਉਣਾ ਅਤੇ ਅਜਿਹੀ ਸਾਰਥਕ ਤੇ ਸਦੀਵੀ ਸਿੱਖਿਆ ਪ੍ਰਦਾਨ ਕਰਨਾ ਹੈ ਜਿਸ ਵਿੱਚੋਂ ਸਿੱਖੀ ਸਿਧਾਂਤਾਂ ਦੀ ਝਲਕ ਵੀ ਪ੍ਰਾਪਤ ਹੋਵੇ।

ਆਧੁਨਿਕ ਸਮੇਂ ਪੂੰਜੀਵਾਦੀ ਅਤੇ ਸਵਾਰਥੀ ਰੁਚੀਆਂ ਦੇ ਸ਼ਿਕਾਰ ਵਰਗ ਵੱਲੋਂ ਵਿੱਦਿਅਕ ਸੰਸਥਾਵਾਂ ਵਿੱਚ ਸਿੱਖਿਆ ਨੂੰ ਮੁਨਾਫ਼ੇ ਦੀ ਵਸਤੂ ਬਣਾ ਕੇ ਇਸਦਾ ਵਪਾਰੀਕਰਨ ਕੀਤਾ ਜਾ ਰਿਹਾ ਹੈ ਜਦਕਿ ਵਿੱਦਿਆ ਦਾ ਅਸਲੀ ਅਰਥ ਪਰਉਪਕਾਰ ਹੈ। ਮੌਲਿਕ ਸੂਝ ਤੇ ਵਿਸ਼ਾਲ ਗਿਆਨ ਪ੍ਰਾਪਤ ਕਰਕੇ ਵਿਚਾਰਵਾਨ ਸਿਖਿਆਰਥੀ ਨੇ ਸਮਾਜ ਲਈ ਰਾਹ- ਦਸੇਰਾ ਬਣਨਾ ਹੁੰਦਾ ਹੈ। ਵਿਚਾਰਹੀਣ ਵਿੱਦਿਆ ਮਨੁੱਖ ਨੂੰ ਪਰਉਪਕਾਰੀ ਬਣਾਉਣ ਦੀ ਥਾਂ ਕੁਰਾਹੇ ਪਾ ਦਿੰਦੀ ਹੈ।

ਅਜੋਕੇ ਸਿੱਖਿਆ ਪ੍ਰਬੰਧ ਨੂੰ ਬਹੁਤ ਚੁਣੌਤੀਆਂ ਅਤੇ ਸਮੱਸਿਆਵਾਂ ਦਰਪੇਸ਼ ਹਨ। ਸਵੈ-ਕੇਂਦਰਿਤ ਰੁਚੀਆਂ ਦੇ ਸ਼ਿਕਾਰ ਮਨੁੱਖ ਵਿੱਚੋਂ ਮਾਨਵੀ ਕਦਰਾਂ-ਕੀਮਤਾਂ ਮਨਫ਼ੀ ਹੁੰਦੀਆਂ ਜਾ ਰਹੀਆਂ ਹਨ। ਨੌਜਵਾਨ ਵਰਗ ਨੂੰ ਉੱਚੇਰੀ ਸਿੱਖਿਆ ਅਤੇ ਰੁਜ਼ਗਾਰ ਪ੍ਰਾਪਤੀ ਦੇ ਖੇਤਰ ਵਿੱਚ ਵੱਡੀਆਂ ਵੰਗਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਕਾਰਾਤਮਕ ਪਰੰਪਰਕ ਕੀਮਤਾਂ ਤੋਂ ਸੱਖਣੀ ਅਤੇ ਆਪਣੇ ਅਮੀਰ ਵਿਰਸੇ ਤੋਂ ਟੁੱਟ ਰਹੀ ਨਵੀਂ ਪੀੜ੍ਹੀ ਦਿਸ਼ਾਹੀਣ ਤੇ ਨਕਾਰਾਤਮਕ ਸੋਚ ਦੀ ਧਾਰਨੀ ਬਣਦੀ ਜਾ ਰਹੀ ਹੈ। ਮਸ਼ੀਨੀਕਰਨ ਤੋਂ ਪ੍ਰਭਾਵਿਤ ਅਜੋਕੀ ਜੀਵਨ ਸ਼ੈਲੀ ਨੇ ਰਚਨਾਤਮਕ, ਸਿਰਜਣਾਤਮਕ ਤੇ ਬੌਧਿਕ ਪੱਖੋਂ ਨੌਜਵਾਨ ਵਰਗ ਨੂੰ ਊਣਾ ਕਰ ਦਿੱਤਾ ਹੈ। ਮਸਨੂਈ/ਮਸ਼ੀਨੀ ਬੁੱਧੀਮਾਨਤਾ ਦੇ ਇਸ ਦੌਰ ਵਿੱਚ ਨਵੀਂ ਪੀੜ੍ਹੀ ਭਾਵ ਜਨਰੇਸ਼ਨ ਅਲਫ਼ਾ ਤੋਂ ਬਾਅਦ ਜਨਰੇਸ਼ਨ ਬੀਟਾ ਦਾ ਆਗਮਨ ਹੋ ਚੁੱਕਾ ਹੈ ਜਿਸ ਸਬੰਧੀ ਸਿੱਖਿਆ ਸੰਸਥਾਵਾਂ ਨੂੰ ਦੂਰਅੰਦੇਸ਼ੀ ਅਤੇ ਭਵਿੱਖਮੁਖੀ ਯੋਜਨਾਵਾਂ ਬਣਾਉਣ ਦੀ ਸਖ਼ਤ ਜ਼ਰੂਰਤ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ, ਹੁਨਰ, ਕਲਾ, ਪ੍ਰਤਿਭਾ ਨੂੰ ਨਿਖਾਰਨ, ਸਿੱਖੀ ਸਿਧਾਂਤਾਂ, ਸਿੱਖ ਇਤਿਹਾਸ, ਗੁਰਮਤਿ ਜੀਵਨ-ਜਾਚ ਨਾਲ ਜੋੜਨ ਅਤੇ ਰੁਜ਼ਗਾਰ ਪ੍ਰਾਪਤੀ ਲਈ ਮੌਕੇ ਪ੍ਰਦਾਨ ਕਰਨ ਹਿੱਤ ਸਾਰਥਕ ਉਪਰਾਲੇ ਕੀਤੇ ਜਾਂਦੇ ਹਨ ਜਿਵੇਂ ਕਿ ਗਿਆਨੁ ਪ੍ਰਚੰਡੁ ਪ੍ਰਸ਼ਨੋਤਰੀ ਮੁਕਾਬਲਾ, ਗੁਰਮਤਿ ਕੈਂਪ, ਗੁਰਮਤਿ ਸਮਾਗਮ, ਪ੍ਰਦਰਸ਼ਨੀਆਂ, ਸ਼ਖ਼ਸੀਅਤ ਉਸਾਰੀ ਦੀ ਸਿਖਲਾਈ ਲਈ ਵਰਕਸ਼ਾਪ, ਵਰਨੈਕੂਲਰ ਬ੍ਰਿਜ ਕੋਰਸ ਅਤੇ ਕੇਂਦਰੀ ਪੱਧਰ ਉੱਤੇ ਵਿਸ਼ਾਲ ਰੁਜ਼ਗਾਰ ਮੇਲਾ ਆਦਿ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਂਦਾ ਹੈ।

ਮੈਨੂੰ ਪੂਰਨ ਵਿਸ਼ਵਾਸ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਵੱਲੋਂ ਜਿਸ ਪ੍ਰਕਾਰ ਵਰਤਮਾਨ ਸਮੇਂ ਸਿੱਖਿਆ ਦੇ ਖੇਤਰ ਵਿੱਚ ਵਿਸ਼ਵ ਪੱਧਰ ਉੱਤੇ ਨਿਆਰੀ ਪਹਿਚਾਣ ਬਣਾਈ ਗਈ ਹੈ ਉਸ ਪ੍ਰਕਾਰ ਹੀ ਦਰਪੇਸ਼ ਚੁਣੌਤੀਆਂ ਦੇ ਸੰਭਾਵੀ ਹੱਲ ਕੱਢਣ ਲਈ ਵੀ ਸੰਸਥਾਵਾਂ ਵੱਲੋਂ ਸੁਹਿਰਦ ਯਤਨ ਜਾਰੀ ਰਹਿਣਗੇ।

ਇਹਨਾਂ ਵਿੱਦਿਅਕ ਸੰਸਥਾਵਾਂ ਦਾ ਮਨੋਰਥ ਵਿਦਿਆਰਥੀਆਂ ਨੂੰ ਪਰੰਪਰਾਗਤ ਢੰਗਾਂ ਅਤੇ ਅਤਿ-ਆਧੁਨਿਕ ਤਕਨਾਲੋਜੀ ਦੀਆਂ ਤਕਨੀਕਾਂ ਦੇ ਪ੍ਰਯੋਗ ਰਾਹੀਂ ਨਵੇਂ ਗਿਆਨ ਨਾਲ ਸਿੱਖਿਅਤ ਕਰਨਾ, ਕਿੱਤਾਮੁਖੀ ਸਿੱਖਿਆ ਰਾਹੀਂ ਰੁਜ਼ਗਾਰ ਪ੍ਰਾਪਤੀ ਦੇ ਯੋਗ ਬਣਾਉਣਾ, ਖ਼ਾਲਸਾਈ ਵਿਰਾਸਤ ਦੇ ਵਾਰਿਸ, ਸਿੱਖ-ਸਿਧਾਂਤ ਦੇ ਧਾਰਨੀ, ਉੱਚ ਚਰਿੱਤਰ ਦੇ ਮਾਲਕ, ਸਰਬੱਤ ਦੇ ਭਲੇ ਦੀ ਸੋਚ ਦੇ ਧਾਰਨੀ ਤੇ ਸਮਾਜ ਨੂੰ ਸੇਧ ਦੇਣ ਵਾਲੇ ਨੌਜਵਾਨ ਵਰਗ ਦਾ ਨਿਰਮਾਣ ਕਰਨਾ ਹੈ।

ਮੈਂ ਸੰਸਥਾ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਦਾ ਪੁਰ-ਖ਼ਲੂਸ ਮਨ ਤੋਂ ਨਿੱਘਾ ਸੁਆਗਤ ਕਰਦਾ ਹਾਂ ਅਤੇ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਹ ਸੰਸਥਾ ਤੁਹਾਡੇ ਸੁਪਨਿਆਂ ਦੀ ਪੂਰਤੀ ਲਈ ਤੇ ਨਿਰਧਾਰਿਤ ਟੀਚਿਆਂ ਦੀ ਪ੍ਰਾਪਤੀ ਕਰਨ ਵਿੱਚ ਜ਼ਰੂਰ ਮਦਦਗਾਰ ਸਿੱਧ ਹੋਵੇਗੀ।

*ਸ਼ੁਭ ਕਾਮਨਾਵਾਂ ਸਹਿਤ,*

**ਇੰਜ. ਸੁਖਮਿੰਦਰ ਸਿੰਘ**
ਸਕੱਤਰ/ਡਾਇਰੈਕਟਰ (ਵਿੱਦਿਆ)
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ



# ਸੰਦੇਸ਼

ਮਾਤਾ ਗੰਗਾ ਖ਼ਾਲਸਾ ਕਾਲਜ ਮੰਜੀ ਸਾਹਿਬ ਕੋਟਾਂ ਵਿਖੇ ਦਾਖ਼ਲ ਹੋਣ ਜਾ ਰਹੇ ਪਿਆਰੇ ਵਿਦਿਆਰਥੀਓ, ਮੈਂ ਨਵੇਂ ਵਿੱਦਿਅਕ ਵਰ੍ਹੇ 2025-26 ਦੇ ਮੌਕੇ 'ਤੇ ਤੁਹਾਨੂੰ ਸਭਨਾਂ ਨੂੰ ਖ਼ੁਸ਼-ਆਮਦੀਦ ਕਹਿੰਦਾ ਧੰਨਵਾਦੀ ਵੀ ਹਾਂ ਕਿ ਤੁਸੀਂ ਇਸ ਭਵਿੱਖਮੁਖੀ ਸੰਸਥਾ ਨੂੰ ਚੁਣਦੇ ਹੋਏ ਸਾਡੇ ਪ੍ਰਤੀ ਆਪਣੀ ਪੂਰਨ ਭਰੋਸੇਯੋਗਤਾ ਪ੍ਰਗਟ ਕੀਤੀ ਹੈ। ਇਸ ਸ਼ਾਨਾ-ਮੱਤੀ ਸੰਸਥਾ ਦਾ ਹਿੱਸਾ ਹੋਣਾ ਸਾਡੇ ਸਾਰਿਆਂ ਲਈ ਫ਼ਖ਼ਰ ਵਾਲੀ ਗੱਲ ਹੈ। ਸੰਸਥਾ ਦੇ ਨਿਵੇਕਲੇ ਇਤਿਹਾਸ ਨੂੰ ਸਿਰਜਣ ਤੇ ਸਥਾਪਿਤ ਕਰਨ ਦਾ ਸਿਹਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਮੁੱਚੀ ਲੀਡਰਸ਼ਿਪ ਤੇ ਉਨ੍ਹਾਂ ਦੁਆਰਾ ਪ੍ਰਾਪਤ ਸੰਜੀਦਾ ਸੋਚ ਅਤੇ ਦੂਰ-ਅੰਦੇਸ਼ੀ ਨੀਤੀਆਂ ਨੂੰ ਜਾਂਦਾ ਹੈ, ਜਿਸਦੀ ਮੌਜੂਦਾ ਅਗਵਾਈ ਮਾਣਯੋਗ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਜੀ ਧਾਮੀ ਕਰ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਵਿੱਦਿਆ ਸ. ਸੁਖਮਿੰਦਰ ਸਿੰਘ ਵੱਲੋਂ ਪ੍ਰਾਪਤ ਦਿਸ਼ਾ-ਨਿਰਦੇਸ਼ ਅਤੇ ਯੋਗ ਮਾਰਗ ਦਰਸ਼ਨ ਵੀ ਇਸ ਸੰਸਥਾ ਲਈ ਅਤਿਅੰਤ ਲਾਹੇਵੰਦ ਹੈ, ਜਿਸ ਸਦਕਾ ਸੰਸਥਾ ਲਗਾਤਾਰ ਨਵੇਂ ਕੀਰਤੀਮਾਨ ਸਥਾਪਿਤ ਕਰ ਰਹੀ ਹੈ।

ਮਹਾਨ ਮਾਤਾ ਗੰਗਾ ਜੀ ਦੇ ਨਾਮ 'ਤੇ ਸਥਾਪਿਤ ਸੰਸਥਾ ਅਨੇਕਾਂ ਰਵਾਇਤੀ ਤੇ ਕਿੱਤਾ-ਮੁੱਖੀ ਕੋਰਸਾਂ ਦੁਆਰਾ ਵਿਦਿਆਰਥੀਆਂ ਲਈ ਇਸ ਚੁਣੌਤੀਆਂ ਭਰੇ ਆਧੁਨਿਕ ਜਗਤ ਅੰਦਰ ਭਵਿੱਖਮੁਖੀ ਦਿਸਹੱਦਿਆਂ ਦੇ ਦੁਆਰ ਖੋਲ੍ਹਦੀ ਹੈ। ਇਸ ਸੰਸਥਾ ਵਿੱਚ ਤੁਹਾਨੂੰ ਤੁਹਾਡੀ ਰੁਚੀ ਅਨੁਸਾਰ ਵਿਸ਼ੇ ਪ੍ਰਦਾਨ ਕੀਤੇ ਜਾਂਦੇ ਹਨ। ਬੀ.ਏ. ਵਿੱਚ ਆਰਟਸ ਦੇ ਚੋਣਵੇਂ 32 ਵਿਸ਼ਿਆਂ ਦੇ ਨਾਲ-ਨਾਲ ਕਾਮਰਸ, ਸਾਇੰਸ (ਮੈਡੀਕਲ/ਨਾਨ-ਮੈਡੀਕਲ), ਕੰਪਿਊਟਰ ਸਾਇੰਸ, ਫੈਸ਼ਨ ਡਿਜ਼ਾਇਨਿੰਗ ਆਦਿ ਅੰਡਰ ਗ੍ਰੈਜੂਏਟ ਕੋਰਸਾਂ ਦੇ ਨਾਲ-ਨਾਲ ਐਮ.ਏ. ਪੰਜਾਬੀ, ਹਿਸਟਰੀ, ਪੋਲੀਟੀਕਲ ਸਾਇੰਸ, ਇਕਨਾਮਿਕਸ, ਐਮ.ਕਾਮ. ਤੇ ਪੀ.ਜੀ.ਡੀ.ਸੀ.ਏ. ਵਰਗੇ ਕੋਰਸ ਸਫਲਤਾਪੂਰਵਕ ਚੱਲ ਰਹੇ ਹਨ।

ਹਰਿਆ-ਭਰਿਆ ਕੈਂਪਸ ਸ਼ਾਨਦਾਰ ਨਤੀਜੇ, ਸ਼ਾਂਤ ਅਕਾਦਮਿਕ ਮਾਹੌਲ, ਉੱਤਮ ਤਕਨੀਕ ਨਾਲ ਬਣੀਆਂ ਲੈਬਜ਼, ਇੰਟਰਨੈੱਟ ਦੀ ਸੁਵਿਧਾ ਪ੍ਰਾਪਤ ਕੰਪਿਊਟਰਾਈਜ਼ਡ ਲਾਇਬ੍ਰੇਰੀ ਆਦਿ ਸੰਸਥਾ ਦਾ ਆਧੁਨਿਕੀਕਰਨ ਕਰਕੇ ਇਸ ਨੂੰ ਸਮੇਂ ਦੇ ਹਾਣ ਦਾ ਬਣਾਉਣ ਵਿੱਚ ਵਿਸ਼ੇਸ਼ ਆਕਰਸ਼ਨ ਦੇ ਨਾਲ-ਨਾਲ ਆਪਣੀ ਅਹਿਮ ਭੂਮਿਕਾ ਅਦਾ ਕਰਦੇ ਹਨ।

ਪਿਆਰੇ ਵਿਦਿਆਰਥੀਓ, ਅਸੀਂ ਤੁਹਾਡੇ ਸਰਬਪੱਖੀ ਵਿਕਾਸ ਲਈ ਨਿਰੰਤਰ ਵਚਨਬੱਧ ਹਾਂ। ਇਹੀ ਕਾਰਨ ਹੈ ਕਿ ਸੰਸਥਾ ਵਿੱਚ ਵਿੱਦਿਅਕ ਗਤੀਵਿਧੀਆਂ ਦੇ ਨਾਲ-ਨਾਲ ਧਾਰਮਿਕ, ਸਮਾਜਿਕ, ਸਭਿਆਚਾਰਕ, ਖੇਡ ਗਤੀਵਿਧੀਆਂ ਪ੍ਰਤੀ ਵੀ ਸੰਜੀਦਾ ਤੇ ਸ਼ਾਇਸਤਾ ਮਾਹੌਲ ਹੈ। ਸੰਸਥਾ ਦੇ ਅਧਿਆਪਨ ਅਤੇ ਗੈਰ-ਅਧਿਆਪਨ ਅਮਲੇ ਦਾ ਸੁਹਿਰਦ ਤੇ ਸਕੁਸ਼ਲ ਹੋਣਾ ਵੀ ਕਿਸੇ ਸੰਸਥਾ ਲਈ ਸਥਾਪਿਤ ਸਤੰਭਾਂ ਦਾ ਕਾਰਜ ਕਰਦੇ ਹਨ। ਮਾਤਾ ਗੰਗਾ ਖ਼ਾਲਸਾ ਕਾਲਜ ਕੋਟਾਂ ਦਾ ਸਮੁੱਚਾ ਅਮਲਾ ਆਪਣੀਆਂ ਤਰਜੀਹੀ ਜ਼ਿੰਮੇਵਾਰੀਆਂ ਪ੍ਰਤੀ ਪੂਰਨ ਪ੍ਰਤੀਬੱਧ ਹੈ, ਅਸੀਂ ਤੁਹਾਡੇ ਸੁਨਹਿਰੀ ਭਵਿੱਖ ਲਈ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਨਿਰੰਤਰ ਯਤਨਸ਼ੀਲ ਹਾਂ।

ਮੈਂ ਇੱਕ ਵਾਰ ਫੇਰ ਮਾਤਾ ਗੰਗਾ ਖ਼ਾਲਸਾ ਕਾਲਜ ਕੋਟਾਂ ਪਰਿਵਾਰ ਵਿੱਚ ਤੁਹਾਡਾ ਸਾਰਿਆਂ ਦਾ ਸੁਆਗਤ ਕਰਦਿਆਂ ਤੁਹਾਡੇ ਉੱਜਵਲ ਭਵਿੱਖ ਦੀ ਕਾਮਨਾ ਕਰਦਾ ਹਾਂ।

**ਡਾ. ਗਗਨਦੀਪ ਸਿੰਘ**
ਪ੍ਰਿੰਸੀਪਲ

## ਕਾਲਜ ਦੀ ਸਥਾਪਨਾ ਅਤੇ ਵਿਕਾਸ



ਮਾਤਾ ਗੰਗਾ ਖਾਲਸਾ ਕਾਲਜ, ਮੰਜੀ ਸਾਹਿਬ, ਕੋਟਾਂ ਦੀ ਸਥਾਪਨਾ 1997 ਵਿੱਚ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਤਤਕਾਲੀਨ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੁਆਰਾ ਕੀਤੀ ਗਈ। ਲੜਕੀਆਂ ਨੂੰ ਉੱਚ ਵਿੱਦਿਆ ਪ੍ਰਦਾਨ ਕਰਨ ਦੀ ਵਚਨ ਪ੍ਰਤੀਬੱਧਤਾ ਸਦਕਾ ਖਾਲਸਾ ਪੰਥ ਦੀ 300 ਸਾਲਾ ਸ਼ਤਾਬਦੀ ਨੂੰ ਸਮਰਪਿਤ ਇਸ ਕਾਲਜ ਦਾ ਨਾਮ ਸ਼ਹੀਦਾਂ ਦੇ ਸਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਧਰਮ ਸੁਪਤਨੀ ਅਤੇ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਮਹਾਨ ਮਾਤਾ, ਮਾਤਾ ਗੰਗਾ ਜੀ ਦੇ ਨਾਮ 'ਤੇ ਰੱਖਿਆ ਗਿਆ। ਇਹ ਕਾਲਜ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ 'ਤੇ ਸਥਾਪਿਤ ਹੈ। ਇਤਿਹਾਸ ਅਨੁਸਾਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਹੋਣ ਉਪਰੰਤ ਜਹਾਂਗੀਰ ਨਾਲ ਇਸ ਅਸਥਾਨ 'ਤੇ ਬਿਰਾਜੇ ਸਨ।

ਸਥਾਪਨਾ ਸਮੇਂ ਤੋਂ ਹੀ ਨਿਵੇਕਲੀਆਂ ਪੁਲਾਂਘਾਂ ਪੁੱਟਦਿਆਂ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਅਤੇ ਮਿਹਨਤੀ ਸਟਾਫ਼ ਦੇ ਉੱਦਮ, ਲਗਨ ਅਤੇ ਸਹਿਯੋਗ ਨਾਲ ਇਸ ਕਾਲਜ ਨੇ ਇੱਕ ਵਿਲੱਖਣ ਰੂਪ ਧਾਰ ਲਿਆ ਹੈ। ਇਸ ਕਾਲਜ ਦੇ ਨਤੀਜੇ ਆਰੰਭਕ ਸਾਲਾਂ ਤੋਂ ਹੀ ਸ਼ਾਨਦਾਰ ਰਹੇ ਹਨ ਅਤੇ ਕਾਲਜ ਦੇ ਵਿਦਿਆਰਥੀ ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਪੱਧਰ 'ਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚੋਂ ਪਹਿਲੇ ਦਸ ਸਥਾਨਾਂ ਵਿਚ ਰਹਿ ਕੇ ਸਫ਼ਲਤਾ ਹਾਸਲ ਕਰਦੇ ਹਨ। ਯੂਨੀਵਰਸਿਟੀ ਇਮਤਿਹਾਨਾਂ, ਜ਼ੋਨਲ ਅਤੇ ਇੰਟਰ-ਜ਼ੋਨਲ ਯੂਥ ਫੈਸਟੀਵਲ, ਅੰਤਰ-ਕਾਲਜ ਮੁਕਾਬਲੇ, ਖਾਲਸਾਈ ਯੁਵਕ ਮੇਲਾ, ਖਾਲਸਾਈ ਖੇਡਾਂ, ਐਨ.ਐਸ.ਐਸ. ਅਤੇ ਐਨ.ਸੀ.ਸੀ. ਆਦਿ ਗਤੀਵਿਧੀਆਂ ਵਿਚ ਕਾਲਜ ਨੇ ਇੱਕ ਵਿਸ਼ੇਸ਼ ਸਥਾਨ ਪ੍ਰਾਪਤ ਕਰ ਲਿਆ ਹੈ।

## ਪ੍ਰਬੰਧ

ਐਡਵੋਕੇਟ ਸ. ਹਰਜਿੰਦਰ ਸਿੰਘ ਜੀ ਧਾਮੀ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਅਤੇ ਸ. ਸੁਖਮਿੰਦਰ ਸਿੰਘ ਜੀ ਸਕੱਤਰ ਵਿਦਿਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੁਚੱਜੀ ਅਗਵਾਈ ਅਧੀਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੂਰਨ ਸਹਿਯੋਗ ਨਾਲ ਕਾਲਜ ਸਫਲਤਾਪੂਰਵਕ ਚੱਲ ਰਿਹਾ ਹੈ। ਸ. ਰਘਵੀਰ ਸਿੰਘ ਜੀ ਸਹਾਰਨ ਮਾਜਰਾ ਐਡੀਸ਼ਨਲ ਸਕੱਤਰ, ਸਮੂਹ ਸਥਾਨਕ ਕਾਲਜ ਪ੍ਰਬੰਧਕ ਕਮੇਟੀ ਵੀ ਸਹਿਯੋਗ ਦੇ ਰਹੇ ਹਨ। ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਦੀ ਅਗਵਾਈ ਵਿੱਚ ਇਸ ਕਾਲਜ ਦਾ ਭਵਿੱਖ ਸੰਭਾਵਨਾਵਾਂ ਭਰਪੂਰ ਹੈ।

## ਵਿਸ਼ੇਸ਼ ਤੱਥ

ਭਾਰਤ ਵਿੱਚ ਲੜਕੀਆਂ ਤੇ ਲੜਕਿਆਂ ਲਈ ਸਥਾਪਿਤ ਉਚੇਰੀ ਸਿੱਖਿਆ ਸੰਸਥਾਵਾਂ ਵਿਚੋਂ ਇਸ ਕਾਲਜ ਨੇ ਇੱਕ ਨਿਵੇਕਲਾ ਅਤੇ ਵਿਸ਼ੇਸ਼ ਸਥਾਨ ਬਣਾ ਲਿਆ ਹੈ। ਕਾਲਜ ਦਾ ਵਿਸ਼ਾਲ ਕੈਂਪਸ ਸਾਫ਼-ਸੁਥਰੇ ਅਤੇ ਖੁੱਲੇ ਡੁੱਲ੍ਹੇ ਵਾਤਾਵਰਨ ਵਿਚ ਸਥਿੱਤ ਹੈ। ਕਾਲਜ ਵਿਚ ਅਤਿ ਆਧੁਨਿਕ ਉਪਕਰਨਾਂ ਨਾਲ ਲੈਸ ਜੀਵ-ਵਿਗਿਆਨ, ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਹੋਮ ਸਾਇੰਸ, ਫੈਸ਼ਨ ਡਿਜ਼ਾਇਨਿੰਗ ਅਤੇ ਕੰਪਿਊਟਰ ਸਾਇੰਸ ਦੀਆਂ ਪ੍ਰਯੋਗਸ਼ਾਲਾਵਾਂ ਉਪਲਬਧ ਹਨ। ਪੁਸਤਕਾਂ ਦੇ ਵਿਸ਼ਾਲ ਭੰਡਾਰ ਵਾਲੀ ਅਤੇ ਇੰਟਰਨੈਟ ਦੀ ਸੁਵਿਧਾ ਪ੍ਰਾਪਤ ਕੰਪਿਊਟਰਾਈਜ਼ਡ ਲਾਇਬ੍ਰੇਰੀ ਕਾਲਜ ਦੀ ਸ਼ਾਨ ਹੈ। ਇਥੋਂ ਦੇ ਖੁਲ੍ਹੇ ਖੇਡ ਮੈਦਾਨ, ਮਿਊਜ਼ਿਕ-ਰੂਮ ਤੇ ਫੈਸ਼ਨ ਡਿਜ਼ਾਈਨਿੰਗ ਰੂਮ ਵਿਸ਼ੇਸ਼ ਖਿੱਚ ਦੇ ਕੇਂਦਰ ਹਨ। ਸਮੁੱਚਾ ਕਾਲਜ ਕੈਂਪਸ ਅਤਿ-ਆਧੁਨਿਕ ਸਿਸਟਮ ਵਾਈ-ਫਾਈ (Wi-Fi) ਨਾਲ ਲੈਸ ਹੈ।

ਸਤੰਬਰ 2017 ਵਿੱਚ NAAC ਦੁਆਰਾ Inspection ਕਰਵਾਈ ਗਈ, ਜਿਸ ਵਿੱਚ ਤਿੰਨ ਮੈਂਬਰੀ : Peer Team ਨੇ ਕਾਲਜ ਵਿੱਚ Visit ਕੀਤਾ। ਕਾਲਜ ਨੂੰ ਆਪਣੀਆਂ ਯੋਗਤਾਵਾਂ ਅਤੇ ਪ੍ਰਾਪਤੀਆਂ ਦੇ ਅਧਾਰ ਤੇ B+ ਗ੍ਰੇਡ ਪ੍ਰਾਪਤ ਹੋਇਆ। ਭਾਰਤ ਸਰਕਾਰ ਵੱਲੋਂ ਗਠਿਤ Ministry of Human Resource and Development ਦੁਆਰਾ ਕਾਲਜ ਨੇ Innovation Cell ਦੀ ਸਥਾਪਨਾ ਕੀਤੀ। ਉਸ ਨਾਲ ਸੰਬੰਧਿਤ ਵੱਖ ਵੱਖ ਗਤੀਵਿਧੀਆਂ ਵਿੱਚ ਭਾਗ ਲਿਆ। ਜਿਸ ਨਾਲ ਵਿਦਿਆਰਥੀਆਂ ਨੂੰ ਨਿਵੇਕਲੇ ਢੰਗ ਨਾਲ ਕੰਮ ਕਰਨ ਦਾ ਉਤਸ਼ਾਹ ਮਿਲੇਗਾ। ਕਾਲਜ ਨੇ Ministry of Human Resource and Development ਵੱਲੋਂ Higher Education ਨੂੰ ਵਧਾਵਾ ਦੇਣ ਲਈ ਸ਼ੁਰੂ ਕੀਤੀ SHREYAS SCHEME ਵਿੱਚ Final Year ਦੇ ਬੱਚਿਆਂ ਦੇ ਨਾਮ ਰਜਿਸਟਰ ਕਰਵਾਏ ਤਾਂ ਕਿ ਉਹ ਵੱਖ ਵੱਖ ਕਿੱਤਿਆਂ ਵਿੱਚ ਟ੍ਰੇਨਿੰਗ ਲੈ ਸਕਣ ਤੇ ਸਵੈ ਰੁਜ਼ਗਾਰ ਲਈ ਯੋਗ ਹੋ ਸਕਣ। ਕਾਲਜ ਵਿਖੇ Equal opportunity Cell ਦੀ ਸਥਾਪਨਾ ਵੀ ਕੀਤੀ, ਜਿਸ ਵਿੱਚ SC/ST ਅਤੇ BC ਜਾਤੀ ਨਾਲ ਸੰਬੰਧਿਤ ਬੱਚਿਆਂ ਨੂੰ ਸਹੂਲਤਾਂ ਪ੍ਰਦਾਨ ਕਰਵਾਈਆਂ ਜਾਂਦੀਆਂ ਹਨ। ਸੈਸ਼ਨ 2019-20 ਤੋਂ ਇਲਾਕੇ ਦੀ ਮੰਗ ਨੂੰ ਮੁੱਖ ਰੱਖ ਕੇ ਕਾਲਜ ਦਾ ਕੋ-ਐਜੂਕੇਸ਼ਨਲ ਸੰਸਥਾ ਬਣਨਾ ਮਾਣ ਵਾਲੀ ਗੱਲ ਹੈ।

# ਕਾਲਜ ਸਟਾਫ਼

## ਟੀਚਿੰਗ ਸਟਾਫ਼

### ਪ੍ਰਿੰਸੀਪਲ ਡਾ. ਗਗਨਦੀਪ ਸਿੰਘ

- ਸ੍ਰੀਮਤੀ ਮਨਜੀਤ ਕੌਰ,
  ਐਮ.ਏ. (ਆਨਰਜ਼), ਐਮ.ਫਿਲ.
- ਸ੍ਰੀਮਤੀ ਬਲਜੀਤ ਕੌਰ,
  ਐਮ.ਏ., ਐਮ.ਫਿਲ., ਐਮ.ਏ. ਹਿਸਟਰੀ
- ਸ੍ਰੀਮਤੀ ਨੀਰੂ ਗਰਗ,
  ਐਮ.ਐਸ.ਸੀ., ਨੈੱਟ (ਯੂ.ਜੀ.ਸੀ.)
- ਸ੍ਰੀਮਤੀ ਵਰਿੰਦਰਜੀਤ ਕੌਰ,
  ਐਮ.ਏ., ਐਮ.ਫਿਲ., ਬੀ.ਐਡ.
- ਡਾ. ਕਮਲਜੀਤ ਰਾਏ,
  ਐਮ.ਏ., ਐਮ.ਫਿਲ., ਪੀ.ਐਚ.ਡੀ.
- ਡਾ. ਰੂਪਾ ਕੌਰ,
  ਐਮ.ਏ., ਐਮ.ਫਿਲ., ਪੀ.ਐੱਚ.ਡੀ.
- ਸ੍ਰੀਮਤੀ ਰਜਿੰਦਰ ਕੌਰ,
  ਐਮ.ਏ. ਨੈੱਟ (ਯੂ.ਜੀ.ਸੀ.)
- ਸ੍ਰੀਮਤੀ ਹਰਿੰਦਰ ਕੌਰ,
  ਐਮ.ਐਸ.ਸੀ., ਨੈੱਟ (ਯੂ.ਜੀ.ਸੀ.) HDIISM
- ਸ੍ਰੀਮਤੀ ਅਗਮਜਯੋਤ ਕੌਰ ਟਿਵਾਣਾ,
  ਐਮ.ਏ., ਨੈੱਟ (ਯੂ.ਜੀ.ਸੀ.)
- ਮਿਸ ਸਨਦੀਪ ਕੌਰ,
  ਐਮ.ਏ., ਬੀ.ਐਡ., ਨੈੱਟ (ਯੂ.ਜੀ.ਸੀ.), ਐਮ. ਏ. ਪੰਜਾਬੀ
- ਡਾ. ਮੰਜੂ ਬਾਲਾ ਸੱਦੀ,
  ਐਮ.ਐਸ.ਸੀ., ਪੀ.ਐਚ.ਡੀ. ਬੀ.ਐਡ., ਡਿਪਲੋਮਾ ਉਰਦੂ
- ਸ੍ਰੀਮਤੀ ਸੁਰਿੰਦਰ ਕੌਰ (ਲੈਫਟੀਨੈਂਟ),
  ਐਮ.ਏ., ਨੈੱਟ (ਯੂ.ਜੀ.ਸੀ.)
- ਡਾ. ਅੰਮ੍ਰਿਤ ਕੌਰ ਬਾਂਸਲ,
  ਐਮ.ਐਸ.ਸੀ. (ਆਨਰਜ਼), ਬੀ.ਐਡ., ਪੀ.ਐਚ.ਡੀ., ਪੀ.ਡੀ.ਐਫ.
- ਸ੍ਰੀਮਤੀ ਰਜਿੰਦਰ ਕੌਰ,
  ਐਮ.ਕਾਮ., ਨੈੱਟ (ਯੂ.ਜੀ.ਸੀ.) *(ਛੁੱਟੀ 'ਤੇ ਚੱਲ ਰਹੇ ਹਨ)*
- ਡਾ. ਕਮਰੁਨਿਸ਼ਾ
  ਐਮ.ਕਾਮ., ਐਮ.ਫਿਲ., ਪੀ.ਐਚ.ਡੀ.
- ਸ੍ਰੀਮਤੀ ਗੁਰਵਿੰਦਰ ਕੌਰ,
  ਐਮ.ਐਸ.ਸੀ., ਐਮ.ਫਿਲ., ਬੀ.ਐਡ.
- ਸ੍ਰੀਮਤੀ ਗੁਰਪ੍ਰੀਤ ਕੌਰ,
  ਐਮ.ਐਸ.ਸੀ. (ਸੀ.ਐਸ.), ਐਮ.ਸੀ.ਏ.
- ਸ੍ਰੀਮਤੀ ਅੰਮ੍ਰਿਤਪਾਲ ਕੌਰ,
  ਬੀ.ਏ. (ਆਨਰਜ਼) ਅੰਗ੍ਰੇਜ਼ੀ, ਐਮ.ਏ., ਬੀ.ਐੱਡ.
- ਸ੍ਰੀਮਤੀ ਕਰਮਪ੍ਰੀਤ ਕੌਰ,
  ਐਮ.ਏ., ਬੀ.ਐੱਡ.
- ਸ. ਜਗਵਿੰਦਰ ਸਿੰਘ,
  ਬੀ.ਪੀ.ਐੱਡ.
- ਸ. ਹਰਪਿੰਦਰ ਸਿੰਘ,
  ਐਮ.ਏ. ਧਰਮ ਅਧਿਐਨ, ਹਿਸਟਰੀ, ਪੰਜਾਬੀ
- ਸ੍ਰੀਮਤੀ ਸੁਰਿੰਦਰ ਕੌਰ,
  ਐਮ.ਏ., ਬੀ.ਐਡ., ਯੂ.ਜੀ.ਸੀ. ਨੈੱਟ, ਸੀ.ਟੈੱਟ, ਪੀ.ਐੱਸ.ਟੈੱਟ



# ਕਾਲਜ ਸਟਾਫ਼

## ਨਾਨ-ਟੀਚਿੰਗ ਸਟਾਫ਼ / ਪ੍ਰਬੰਧਕੀ ਅਮਲਾ

- ਸ. ਬਲਜਿੰਦਰ ਸਿੰਘ, ਆਫਿਸ ਸੁਪ੍ਰਿੰਟੈਂਡੈਂਟ, ਐਮ.ਕਾਮ. ਐਮ.ਐਸ.ਸੀ., ਪੀ.ਜੀ.ਡੀ.ਸੀ.ਏ.
- ਸ੍ਰੀਮਤੀ ਪਰਮਿੰਦਰ ਕੌਰ, ਜੂਨੀਅਰ ਸਹਾਇਕ, ਐਮ.ਏ. ਹਿਸਟਰੀ
- ਸ. ਨਰਿੰਦਰ ਸਿੰਘ, ਅਕਾਊਂਟਸ ਕਲਰਕ
- ਸ੍ਰੀਮਤੀ ਬਲਜੀਤ ਕੌਰ, ਅਸਿਸਟੈਂਟ ਲਾਇਬ੍ਰੇਰੀਅਨ
- ਸ. ਸਤਵਿੰਦਰ ਸਿੰਘ, ਕਲਰਕ ਕਮ ਟਾਈਪਿਸਟ
- ਸ੍ਰੀਮਤੀ ਹਰਜੀਤ ਕੌਰ, ਕਲਰਕ, ਐਮ.ਏ.
- ਮਿਸ ਰਣਜੋਤ ਕੌਰ, ਕਲਰਕ



## ਚੌਥਾ ਦਰਜਾ ਕਰਮਚਾਰੀ

- ਸ. ਦੇਵਿੰਦਰ ਸਿੰਘ, ਡਰਾਈਵਰ
- ਸ੍ਰੀਮਤੀ ਕਮਲਜੀਤ ਕੌਰ, ਲਾਇਬ੍ਰੇਰੀ ਅਟੈਂਡੈਂਟ (ਛੁੱਟੀ 'ਤੇ ਚੱਲ ਰਹੇ ਹਨ)
- ਸ੍ਰੀਮਤੀ ਮਨਜੀਤ ਕੌਰ, ਸੇਵਾਦਾਰਨੀ
- ਸ੍ਰੀਮਤੀ ਕਿਰਨਾ, ਸਵੀਪਰ
- ਸ੍ਰੀ ਰਾਮਦਾਸ, ਮਾਲੀ
- ਸ੍ਰੀ ਸਤਪਾਲ, ਸਵੀਪਰ
- ਸ੍ਰੀਮਤੀ ਜਸਪ੍ਰੀਤ ਕੌਰ, ਲੈਬ ਅਟੈਂਡੈਂਟ
- ਸ. ਲਖਬੀਰ ਸਿੰਘ, ਸੇਵਾਦਾਰ
- ਮਿਸ ਕਿਰਨਦੀਪ ਕੌਰ, ਲੈਬ ਅਟੈਂਡੈਂਟ
- ਸ੍ਰੀਮਤੀ ਹਰਜਿੰਦਰ ਕੌਰ, ਕੇਅਰ ਟੇਕਰ

# ਕਾਲਜ ਸਟਾਫ਼

## ਲਇਬ੍ਰੇਰੀ ਸਟਾਫ਼

- ਸ. ਅਮਨਦੀਪ ਸਿੰਘ (ਲਾਇਬ੍ਰੇਰੀਅਨ),
  *ਐਮ.ਏ., ਬੀ.ਲਿਬ., ਐਮ. ਲਿਬ, ਨੈੱਟ (ਯੂ.ਜੀ.ਸੀ.), ਐਲ, ਐਲ.ਬੀ., ਪੀ.ਜੀ.ਡੀ.ਐਮ.ਸੀ.*
- ਸ੍ਰੀਮਤੀ ਮਨਦੀਪ ਕੌਰ (ਲਾਇਬ੍ਰੇਰੀਅਨ),
  *ਐਮ.ਏ. (ਪੰਜਾਬੀ), ਐਮ. ਲਿਬ.*
- ਸ੍ਰੀਮਤੀ ਬਲਜੀਤ ਕੌਰ,
  *ਐਮ.ਏ. (ਪੰਜਾਬੀ) ਡਿਪਲੋਮਾ ਇਨ ਲਾਇਬ੍ਰੇਰੀ ਸਾਇੰਸ (ਅਸਿਸਟੈਂਟ ਲਾਇਬ੍ਰੇਰੀਅਨ)*

## ਅਕੈਡਮਿਕ ਕੌਂਸਲ



ਸੱਜੇ ਤੋਂ ਖੱਬੇ–ਪ੍ਰੋ. ਵਰਿੰਦਰਜੀਤ ਕੌਰ, ਪ੍ਰੋ. ਬਲਜੀਤ ਕੌਰ, ਪ੍ਰਿੰਸੀਪਲ ਡਾ. ਗਗਨਦੀਪ ਸਿੰਘ, ਪ੍ਰੋ. ਮਨਜੀਤ ਕੌਰ, ਪ੍ਰੋ. ਨੀਰੂ ਗਰਗ ਅਤੇ ਡਾ. ਕਮਲ ਰਾਏ

## ਮਹੱਤਵਪੂਰਨ ਪ੍ਰਬੰਧਕੀ ਅਹੁਦੇ

- ਬਰਸਰ :- ਸ੍ਰੀਮਤੀ ਸੁਰਿੰਦਰ ਕੌਰ (ਲੈਫਟੀਨੈਂਟ)
- ਐਨ.ਸੀ.ਸੀ. :- ਸ੍ਰੀਮਤੀ ਸੁਰਿੰਦਰ ਕੌਰ (ਲੈਫਟੀਨੈਂਟ)
- ਐਨ.ਐਸ.ਐਸ. :- ਡਾ. ਮੰਜੂ ਬਾਲਾ ਸੱਦੀ
- ਸੀ.ਐਸ.ਏ. :- ਸ੍ਰੀਮਤੀ ਅਗਮਜਯੋਤ ਕੌਰ ਟਿਵਾਣਾ

## ਸਪੋਰਟਸ ਦੇ ਜੇਤੂ ਵਿਦਿਆਰਥੀ



ਸੱਜੇ ਤੋਂ ਖੱਬੇ –ਸੁਪ੍ਰਿਡੈਂਟ ਬਲਜਿੰਦਰ ਸਿੰਘ, ਕੋਚ ਕਰਨ ਬੁੱਟਰ, ਸ. ਜੋਰਾ ਸਿੰਘ, ਸ. ਰਘਬੀਰ ਸਿੰਘ ਸਹਾਰਨਮਾਜਰਾ, ਪ੍ਰਿੰਸੀਪਲ ਡਾ. ਗਗਨਦੀਪ ਸਿੰਘ, ਪ੍ਰੋ. ਮਨਜੀਤ ਕੌਰ, ਪ੍ਰੋ. ਬਲਜੀਤ ਕੌਰ, ਪ੍ਰੋ. ਵਰਿੰਦਰਜੀਤ ਕੌਰ (ਡੀਨ ਸਪੋਰਟਸ), ਪ੍ਰੋ. ਜਗਵਿੰਦਰ ਸਿੰਘ

# ਕਾਲਜ ਸਟਾਫ਼



**ਜ਼ੋਨਲ ਯੂਥ ਐਂਡ ਹੈਰੀਟੇਜ ਫੈਸਟੀਵਲ ਦੀ ਪ੍ਰਬੰਧਕ ਕਮੇਟੀ**

ਸੱਜੇ ਤੋਂ ਖੱਬੇ—ਪ੍ਰੋ. ਨੀਰੂ ਗਰਗ, ਪ੍ਰੋ. ਅਗਮਜਯੋਤ ਕੌਰ ਟਿਵਾਣਾ, ਪ੍ਰੋ. ਬਲਜੀਤ ਕੌਰ, ਪ੍ਰਿੰਸੀਪਲ ਡਾ. ਗਗਨਦੀਪ ਸਿੰਘ, ਪ੍ਰੋ. ਮਨਜੀਤ ਕੌਰ, ਪ੍ਰੋ. ਰਜਿੰਦਰ ਕੌਰ ਅਤੇ ਡਾ. ਕਮਲਜੀਤ ਰਾਏ



**ਸੀ.ਐਸ.ਏ. ਕਮੇਟੀ**

ਸੀਐਸਏ ਕਮੇਟੀ ਦੇ ਮੈਂਬਰ ਵਿਦਿਆਰਥੀਆਂ ਨਾਲ ਪ੍ਰੋ. ਅਗਮਜਯੋਤ ਕੌਰ ਟਿਵਾਣਾ, ਪ੍ਰੋ. ਮਨਜੀਤ ਕੌਰ, ਪ੍ਰਿੰਸੀਪਲ ਡਾ. ਗਗਨਦੀਪ ਸਿੰਘ, ਪ੍ਰੋ. ਬਲਜੀਤ ਕੌਰ, ਪ੍ਰੋ. ਸਨਦੀਪ ਕੌਰ ਅਤੇ ਸ਼੍ਰੀਮਤੀ ਗੁਰਵਿੰਦਰ ਕੌਰ

# ਕਾਲਜ ਸਟਾਫ਼



**ਐੱਨ.ਸੀ.ਸੀ. ਕੈਡਿਟਸ**

ਐੱਨ.ਸੀ.ਸੀ. ਕੈਡਟਸ ਵਿਦਿਆਰਥੀਆਂ ਨਾਲ ਪ੍ਰੋ. ਕਰਮਪ੍ਰੀਤ ਕੌਰ, ਪ੍ਰੋ. ਮਨਜੀਤ ਕੌਰ,
ਪ੍ਰਿੰਸੀਪਲ ਡਾ. ਗਗਨਦੀਪ ਸਿੰਘ, ਪ੍ਰੋ. ਬਲਜੀਤ ਕੌਰ ਅਤੇ (ਲੈਫਟੀਨੈਂਟ) ਪ੍ਰੋ. ਸੁਰਿੰਦਰ ਕੌਰ



**ਐੱਨ.ਐੱਸ.ਐੱਸ. ਯੂਨਿਟ**

ਐਨ.ਐਸ.ਐਸ. ਯੂਨਿਟ ਦੇ ਵਿਦਿਆਰਥੀਆਂ ਨਾਲ ਪ੍ਰੋ. ਪਵਨਜੀਤ ਕੌਰ, ਪ੍ਰੋ. ਮਨਜੀਤ ਕੌਰ,
ਪ੍ਰਿੰਸੀਪਲ ਡਾ. ਗਗਨਦੀਪ ਸਿੰਘ, ਡਾ. ਕਮਰੂਨਿਸ਼ਾ, ਪ੍ਰੋ. ਦਲਵੀਰ ਕੌਰ, ਇੰਚਾਰਜ ਡਾ. ਮੰਜੂ ਸੱਦੀ

# THREE YEAR DEGREE COURSES

## ARTS GROUP

**Course** : **B.A. - I (Semester I & II)**

**Eligibility** : 10+2 Passed/Compartment with at least 20% Marks in Subject.

**Subjects** : **Compulsory -** AEC English and Punjabi/HCP

**Major** : To choose any 3 out of the following with only one from each group

| Group I | Group II | Group III | Group IV |
|---|---|---|---|
| Elective Punjabi | History | Political Science | Economics |
| | Mathematics | Home Science | Sociology |
| Elective English | Computer Science and Application | Music (V) | Physical Education |

**MDC** : Political Science / Mathematics / Home Science / E. Punjabi

**VAC** : Political Science / History / Physical Education

**SEC** : Music / Home Science / Computer Science / Punjabi / History

**Course** : **B.A.- II (Semester III & IV)**

**Eligibility** : B.A.-I Passed/Compartment/Re-appear in less than 50% subjects

**Subjects** : As chosen by the students from first year.
2 Majors out of 3 Subjects of B.A. First Year
1 Minor out of 3 Subjects of B.A. First Year

**AEC** : English

**Compulsory** : Punjabi/ HCP

**VAC & SEC** : As opted in B.A.-I

**Course** : **B.A.- III (Semester V & VI)**

**Eligibility** : B.A. - II Passed/Compartment/Re-appear

**Subjects** : Same Subjects as in B.A.-II

**Compulsory** : Punjabi/ HCP & English

**Electives** :
Elective Punjabi, Elective English
History, Home Science, Mathematics
Political Science, Sociology, Computer Application
Economics, Music (V), Physical Education

## SCIENCE GROUP

### B.Sc. Medical & Non-Medical (One Unit)

**Course** : **B.Sc. - I (Semester I & II)**

**Eligibility** : 10+2 Passed/Compartment with at least 20% Marks in Subject.

**Subjects** : Compulsory - Punjabi / HCP & AEC-English

**Major** : (Non-Medical), Physics, Chemistry & Maths
(Medical) Zoology, Chemistry & Botany

**MDC** : (Non-Medical) Computer Science
(Medical) Computer Science / Maths

**VAC** : Sem - I - Environmental Science
Sem -II - Physical Education

**SEC** : Physics / Zoology

**Course** : **B.Sc.- II (Semester III & IV)**

**Eligibility** : B.Sc.-I Passed / Compartment / Re-appear in less than 50% subjects

**Subjects** :

**Majors (Non-Medical):** Physics & Maths

**(Medical)** : Zoology & Botany

**Minor** : Chemistry

**VAC** : (Only in 4th Sem) - Physical Education

**SEC** : (Only in 3rd Sem) - Zoology/Physics

**Course** : **B.Sc.- III (Semester V & VI)**

**Eligibility** : B.Sc.-II Passed / Compartment / Re-appear

**Subjects** : Physics, Chemistry, Mathematics



# B.SC. FASHION DESIGNING (ONE UNIT)

**Course** : **B.Sc. (FD)-I**
**Eligibility** : 10+2 with 50% Marks

### Semester-I

**Subjects** :

**Major** : Basic Sewing Skills- I
**Minor** : 1) Basics of Textile Design
2) Introduction to Fashion Merchandising
**MDC** : Introduction to Family and Community Science
**AEC** : English
**SEC** : Fabric Painting
**VAC** : Basics of Computer-I
**Compulsory**: HCP/Punjabi-I

### Semester-II

**Subjects** :

**Major** : Understanding textiles -I
**Minor** : 1) Fabric Construction-I
2) Introduction to Fashion Merchandising
**MDC** : Sustainability in everyday life
**AEC** : English
**SEC** : Decorative Dyeing
**VAC** : Basics of Computer-II
**Compulsory**: HCP/Punjabi-II

**Course** : **B.Sc. (FD)-II**
**Eligibility** : B.Sc. (FD)-I Passed/Comparment/Re-appear

### Semester III & Semester IV

**Subjects** : As per the University Syllabus

**Course** : **B.Sc. (FD)-III**
**Eligibility** : B.Sc II Passed/ Compartment or reappear

### Semester V :

(i) Pattern & Marker Making on Comp-I (Pr)
(ii) Pattern Making-III (Pr)
(iii) Line Development and Portfolio-I (Pr)
(iv) History of World costumes (Th)
(v) Garment Construction-V (Pr)
(vi) Apparel Manufacturing Technology-I (Th)
(vii) Textile dyeing (Th & Pr)
(viii) Internship (Pr)

### Semester VI:

(I) Pattern & Marker Making on Comp.-II(Pr)
(ii) Marketing & Merchandising (Th & Pr)
(iii) Pattern Making-IV (Pr)
(iv) Line Development and Portfolio II- (Pr)
(V) Garment Construction-VI (Pr)
(vi) Textile printing and finishing (Th & Pr)
(vii) Entrepreneurship Development (Th)
(viii) Seminar (Pr)



## COMMERCE GROUP (TWO UNITS)

**Course** : **B.Com. Semester System Sem.-I & II**
**Eligibility** : 10+2 (Commerce) Passed /Compartment with 40% marks in aggregate or 20% marks in subjects. 10+2 (Arts) Passed with Business Accounting, Economics, Maths, Business organisation and management, Book keeping and accountancy.

(i) Any three subjects of the above with 45% marks.
(ii) Any two of the above subjects with 50% marks.
(iii) Any one of the above subjects with 55% marks.
(iv) None of the above with of 60% marks.

### Semester-I

**Subjects** :
**Core** : i) Principles of Financial Accounting
ii) Psychology for Managers
iii) Micro Economics
**MDC** : Commercial Law/ Fundamentals of International Business
**AEC** : English
**Compulsory**: HCP/Punjabi
**SEC** : Security Analysis
**VAC** : Financial Literacy

### Semester-II

**Subjects** :
**Core** : i) Corporate Accounting
ii) Human Resource Management
iii) Macro Economics
**MDC** : Business Law / Foreign Trade Policy and Procedure
**AEC** : English
**Compulsory** : HCP/Punjabi
**SEC** : E-Commerce
**VAC** : Issues in Indian Commerce

**Course** : **B.Com.-II Sem.- III & IV**
**Eligibility** : B.Com-I Passed / Compartment / Re-appear

### Semester III

**Core** : i) Cost Accounting
ii) Goods and Service Tax
iii) Business Mathematics and Statistics
iv) Marketing Management
**MDC** : Company Law / Foreign Trade Finance and Documentation
**AEC** : English
**SEC** : Digital Marketing / Financial Simulation Trading

### Semester IV

**Core** : i) Cost Management
ii) Auditing and Secretarial Practices
iii) Quantitative Techniques and Methods
iv) Financial Markets and Services
v) Advance Accounting
**AEC** : English
**VAC** : Environment Science

**Course** : **B.Com.-III Sem.- V & VI**
**Eligibility** : B.Com-II Passed/Compartment/ Reappear

### Semester V:

(i) Income Tax Law
(ii) Management Accounting
(iii) Indian Economy
(iv) Production and Operation Management
(v) Enterpreneurship and Small Business
(vi) Financial Markets and Services

### Semester VI

(i) Direct Tax Laws
(ii) Financial Management
(iii) Issues in Financial Reporting
(iv) Social and Business Ethics
(v) Operations Research
(vi) Sectoral Aspects of Indian Economy



# COMPUTER SCIENCE GROUP (TWO UNITS)

**Course** : **B.C.A.-I Semester System I & II**
**Eligibility** : 10+2 Passed with 50% Marks and Maths passed in Matriculation.

### Semester I

**Subjects** :
**Major** : i) Introduction to Web Technologies
ii) Fundamentals of Mathematical Statistics
iii) Problem Solving Through C

**MDSC** : E-Commerce

**AEC** : English

**SEC** : Computer Fundamentals and Personal Computing Software

**Compulsory** : Punjabi / HCP

**VAC** : Environment Science

**Course** : **B.C.A.-II Semester System III & IV**
**Eligibility** : B.C.A.-I Re-appear / Passed / Compartment

### Semester II

**Major** : i) Computer Organisation
ii) Introduction to Artificial Intelligence and Data Science
iii) Object Oriented Programming Using C++
**MDSC** : Management Information System
**AEC** : English
**SEC** : Desktop Publishing using GIMP
**Compulsory** : Punjabi / HCP
**VAC** : Basics of Computer Application II

### Semester III & IV

**Eligibility** : BCA I Passed/Compartment/ Reappear

### Semester III

**Subjects** : **Major** : i) Computer Architecture
ii) Data Structures
iii) Computer Oriented Numerical Methods
iv) Introduction to Machine Learning
**MDSC** : Common Basket
**AEC** : English
**SEC** : Back-End Web Development

### Semester IV

**Subjects** :
**Major** : i) Operating System Concepts
ii) Database Management System
iii) Information System Design and Implementation
iv) Cyber Security
v) Python Programming
**AEC** : English
**VAC** : Common Basket

**Course** : **B.C.A.-III Semester System V & VI**
Eligibility : B.C.A.-II Passed/Compartment/ Re-appear

### Semester V

1. Enterpreneurship Development Programme
2. Principals of Computer Graphics & Multimedia Technology
3. Discrete Mathematics in Computer Science
4. Computer Lab: Based on Computer Graphics

### Semester VI

1. Web Programming
2. Computer Organisation
3. Computer Networks
4. Minor Project and Seminar Based on Web Programming



# P.G.D.C.A. (Two Units)

**Course** : P.G.D.C.A.

**Eligibility** : B.A/B.Com/B.Sc/B.C.A. 50% marks

**Subjects** :

**Semester I**

1. Computer Fundamental
2. Computer Programming using C
3. Data Based Management System
4. Data Communication and Networks
5. Lab-I 6. Lab-II

**Semester II**

1. Object Oriented Concepts Using JAVA
2. Web Technologies
3. Software Engineering
4. Computer Based Accounting
5. Lab-III 6. Lab-IV
7. Project Work

**(Groups and Papers are subject to change as per Panjab University, Chandigarh directives)**

# ADD-ON COURSES

## DIPLOMA IN FASHION DESIGNING

**Course** : **Diploma in Fashion Designing**

**Eligibility** : 10th/10 + 2 passed

**Subjects** :

1. Basic Designing Garment Construction (Practical)
2. Basic Hand Embroidery (Practical)
3. Fabric Painting (Practical)
4. Basic Garment Designing (Practical)
5. Theory

**Course** : **Advanced Diploma in Fashion Designing**

**Eligibility** : 10 + 2 Passed

**Subjects** :

1. Drafting and Pattern Making (Practical)
2. Needle Craft (Practical)
3. Garment Construction (Practical)
4. Fabric Printing (Practical)
5. Theory



# POST GRADUATE DEGREE COURSES

## M.A. Punjabi (One Unit)

**Course** : M.A. I
**Eligibility** : 45% marks in subject concerned or 50% marks Aggregate in Graduation

**Semester: I**

Paper I [illegible]
Paper II [illegible]
Paper III [illegible]
Paper IV [illegible]

**Semester: II**

Paper I [illegible]
Paper II [illegible]
Paper III [illegible]
Paper IV [illegible]

**Course** : M.A. II
**Eligibility** : M.A. I Passed/Compartment/Re-appear

**Semester: III**

Paper I [illegible]
Paper II [illegible]
Paper III [illegible]
Paper IV [illegible]

**Semester: IV**

Paper I [illegible]
Paper II [illegible]
Paper III [illegible]
Paper IV [illegible]

## M.A. History (One Unit)

**Course** : M.A. I
**Eligibility** : 45% marks in subject concerned or 50% marks Aggregate in Graduation

**Semester: I**

Paper I The Punjab (Mid-Fifteenth to Seventeenth Centuries)
Paper II Ancient India: An Overview
Paper III Medieval India: Political Processes
Paper IV Modern India: Political Processes

**Semester: II**

Paper I Punjab in the Eighteenth Century
Paper II Agrarian Economy of Medieval India
Paper III USA (1900-1973)
Paper IV World in the Twentieth Century

**Course** : M.A. II
**Eligibility** : M.A. I Passed/Compartment/Re-appear

**Semester: III**

Paper I The Punjab in the Nineteenth Century
Paper II National Movements in India 1858-1947
Paper III Rise and Growth of Colonialism in India
Paper IV Medieval Indian Art & Monuments

**Semester: IV**

Paper I The Punjab 1901-1966
Paper II History & Historical Method
Paper III Religious Development in Medieval India
Paper IV Socio-Religious Reform Movements in Modern India

## M.A. POLITICAL SCIENCE (ONE UNIT)

**Course** : M.A. I
**Eligibility** : 45% marks in subject concerned or 50% marks Aggregate in Graduation

**Semester: I**

Paper I Western Political Thought-I
Paper II Key concepts in Political Analysis
Paper III Indian Politics : Institutions at work
Paper IV International Relations: An Historical Overview

**Semester: II**

Paper I Western Political Thought-II
Paper II Comparative Politics: Understanding Advanced Industrial Societies
Paper III Indian Politics Political Processes
Paper IV Theories of International Relations

**Course** : M.A. II
**Eligibility** : M.A. I Passed/Compartment/Re-appear

**Semester: III**

Paper I Indian Political Thought-I
Paper II Comparative Political Systems with Special Reference to USA, UK, China, Japan & Switzerland (Compulsory)
Paper III Public International Law-I
Paper IV Public Administration

**Semester: IV**

Paper I Indian Political Thought-II
Paper II Foreign Policy of India
Paper III Decentralized Governance and Local Level Institutions in India
Paper IV Public International Law-II

## M.A. ECONOMICS (ONE UNIT)

**Course** : **M.A.I**

**Eligibility** : 45% Marks in subject concerned or 50% marks Aggregate in Graduation

**Papers** :

**Semester I**

| | |
|---|---|
| Paper I | Micro Economics-I |
| Paper II | Macro Economics-I |
| Paper III | Quantitative Methods-I |
| Paper IV | International Economics |

**Semester II**

| | |
|---|---|
| Paper I | Micro Economics -II |
| Paper II | Macro Economics-II |
| Paper III | Quantitative Methods-II |
| Paper IV | Public Finance |

**Course** : **M.A. II**

**Eligibility** : M.A-I Passed/Comparment/Re-appear Papers

**Papers** :

**Semester III**

| | |
|---|---|
| Paper I | Economics of Growth and Development-I |
| Paper II | Indian Economic Issues-I |
| Paper III | Economics of Agriculture-I |
| Paper IV | Economics of Population |

**Semester IV**

| | |
|---|---|
| Paper I | Economics of Growth and Development-II |
| Paper II | Indian Economic Issues-II |
| Paper III | Economics of Agriculture-II |
| Paper IV | Economics of Money and Banking |

## M.Com.

**Course** : **M.Com. I**

**Eligibility** : Graduation in Commerce with atleast 50% marks or equivalent CGPA

**Semester I**

1. Managerial Economics
2. Quantitative Methods for Business
3. Modern Acc. Theory & Reporting Practices
4. Organisation Theory & Behaviour
5. Marketing Management
6. Management Information System
7. Workshop on IT Applications in Commerce

**Semester II**

1. Business Environment
2. Research Methodology in Commerce
3. Financial Management & Policy
4. Production & Material Management
5. Operations Research
6. Business Policy & Strategic Mgmt.
7. Summer Training Report & Viva Voce

**Course** : **M.Com. II**

**Eligibility** : M.Com.-I Passed / Comparment / Reappear

**Semester III**

1. Business Performance Measurement
2. Tax Planning & Management
3. Strategic Cost Management
4. International Accounting
5. Bank Management
6. Insurance Management
7. Workshop on Financial Markets & Instruments

**Semester IV**

1. Project Planning & control
2. Knowledge Management
3. Business Ethics & Corporate Governance
4. Advanced Corporate Accounting
5. Security Analysis & Portfolio Management
6. Advanced auditing
7. Comprehensive Viva-Voce



## ਯੂਨੀਵਰਸਿਟੀ ਇਮਤਿਹਾਨ ਵਿਚ ਬੈਠਣ ਲਈ ਜ਼ਰੂਰੀ ਨਿਯਮ

1. ਯੂਨੀਵਰਸਿਟੀ ਨੂੰ ਭੇਜੀ ਜਾਣ ਵਾਲੀ ਇੰਟਰਨਲ ਅਸੈਸਮੈਂਟ ਘਰੇਲੂ ਪ੍ਰੀਖਿਆ 'ਤੇ ਆਧਾਰਿਤ ਹੋਵੇਗੀ, ਇਸ ਲਈ ਪੰਜਾਬ ਯੂਨੀਵਰਸਿਟੀ ਵਲੋਂ ਨਿਰਧਾਰਿਤ ਨਿਯਮ ਲਾਗੂ ਹੋਣਗੇ।
2. ਯੂਨੀਵਰਸਿਟੀ ਦੇ ਸਮੈਸਟਰ ਇਮਤਿਹਾਨ ਵਿਚ ਬੈਠਣ ਲਈ ਘਰੇਲੂ ਪ੍ਰੀਖਿਆ ਵਿਚੋਂ ਘੱਟੋ ਘੱਟ 25% ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ।
3. ਜਿਹੜੇ ਵਿਦਿਆਰਥੀ ਕਾਲਜ ਨਾਲ ਸੰਬੰਧਿਤ ਸਭਿਆਚਾਰਕ, ਧਾਰਮਿਕ ਜਾਂ ਖੇਡ ਗਤੀਵਿਧੀਆਂ ਕਾਰਨ ਘਰੇਲੂ ਇਮਤਿਹਾਨ ਨਹੀਂ ਦੇ ਸਕਣਗੇ ਉਨ੍ਹਾਂ ਦਾ ਸਪੈਸ਼ਲ ਇਮਤਿਹਾਨ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ ਲਿਆ ਜਾਵੇਗਾ।
4. ਜਿਹੜੇ ਵਿਦਿਆਰਥੀ ਬਿਮਾਰ ਹੋਣ ਕਾਰਨ ਇਮਤਿਹਾਨ ਨਹੀਂ ਦੇ ਸਕਦੇ ਉਨ੍ਹਾਂ ਲਈ ਪ੍ਰਿੰਸੀਪਲ ਸਾਹਿਬ ਦੀ ਮਨਜ਼ੂਰੀ ਨਾਲ ਐਸ.ਐਮ.ਓ. ਦੁਆਰਾ ਪ੍ਰਮਾਣਿਤ ਮੈਡੀਕਲ ਸਰਟੀਫਿਕੇਟ ਦੇ ਕੇ ਇਮਤਿਹਾਨ ਦੇਣਾ ਜ਼ਰੂਰੀ ਹੋਵੇਗਾ।
5. ਹਰੇਕ ਵਿਸ਼ੇ ਦੀ ਥਿਊਰੀ ਅਤੇ ਪ੍ਰੈਕਟੀਕਲ ਵਿੱਚੋਂ ਘੱਟੋ ਘੱਟ 75% ਹਾਜ਼ਰੀਆਂ ਪੂਰੀਆਂ ਕਰਨੀਆਂ ਜ਼ਰੂਰੀ ਹਨ।

## ਛੁੱਟੀ ਸੰਬੰਧੀ ਨਿਯਮ

1. ਕਾਲਜ ਤੋਂ ਛੁੱਟੀ ਲੈਣ ਲਈ ਬਿਨੈ-ਪੱਤਰ ਉੱਪਰ ਟਿਊਟਰ ਅਤੇ ਮਾਤਾ-ਪਿਤਾ ਦੀ ਆਗਿਆ ਜ਼ਰੂਰੀ ਹੈ।
2. ਟਿਊਟਰ ਇੱਕ ਸਮੇਂ ਵੱਧ ਤੋਂ ਵੱਧ ਦੋ ਦਿਨਾਂ ਦੀ ਛੁੱਟੀ ਮਨਜ਼ੂਰ ਕਰ ਸਕਦਾ ਹੈ ਅਤੇ ਦੋ ਦਿਨ ਤੋਂ ਜ਼ਿਆਦਾ ਛੁੱਟੀ ਪ੍ਰਿੰਸੀਪਲ ਦੀ ਆਗਿਆ ਨਾਲ ਹੀ ਲਈ ਜਾ ਸਕਦੀ ਹੈ।
3. **ਬਿਨਾਂ ਇਤਲਾਹ ਦਸ ਦਿਨਾਂ ਤੋਂ ਵੱਧ ਗ਼ੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀ ਦਾ ਨਾਂ ਕੱਟ ਦਿੱਤਾ ਜਾਵੇਗਾ।**
4. ਬਿਮਾਰੀ ਸੰਬੰਧੀ ਛੁੱਟੀ ਦੀ ਅਰਜ਼ੀ ਨਾਲ ਉਚਿਤ ਡਾਕਟਰੀ ਸਰਟੀਫਿਕੇਟ ਭੇਜਣਾ ਜ਼ਰੂਰੀ ਹੈ। ਛੁੱਟੀ ਵੱਧ ਤੋਂ ਵੱਧ 10 ਦਿਨ ਦੀ ਹੋ ਸਕਦੀ ਹੈ।
5. ਗ਼ੈਰ-ਹਾਜ਼ਰ ਵਿਦਿਆਰਥੀ ਨੂੰ ਹੇਠ ਲਿਖੇ ਅਨੁਸਾਰ ਜੁਰਮਾਨਾ ਕੀਤਾ ਜਾ ਸਕਦਾ ਹੈ।
   (ੳ) ਪੰਜ ਰੁਪਏ ਪ੍ਰਤੀ ਪੀਰੀਅਡ ਪਰ ਵੱਧ ਤੋਂ ਵੱਧ ਦੱਸ ਰੁਪਏ ਪ੍ਰਤੀ ਦਿਨ।
   (ਅ) ਪ੍ਰੈਕਟੀਕਲ ਪ੍ਰਤੀ ਪੀਰੀਅਡ ਪੰਜ ਰੁਪਏ।
   (ੲ) ਟਿਊਟੋਰੀਅਲ ਮੀਟਿੰਗ ਦਸ ਰੁਪਏ।

## ਵਜ਼ੀਫੇ

### ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਵਿਸ਼ੇਸ਼ ਵਜ਼ੀਫੇ

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਸਮੇਂ-ਸਮੇਂ ਤੇ ਵਿਦਿਆਰਥੀਆਂ ਨੂੰ ਕਈ ਤਰ੍ਹਾਂ ਦੇ ਵਿਸ਼ੇਸ਼ ਵਜ਼ੀਫੇ ਪ੍ਰਦਾਨ ਕੀਤੇ ਜਾਂਦੇ ਹਨ :

1. ਲੋੜਵੰਦ ਅਤੇ ਪੜ੍ਹਾਈ ਵਿੱਚ ਹੁਸ਼ਿਆਰ ਵਿਦਿਆਰਥੀਆਂ ਲਈ ਵਜ਼ੀਫਾ।
2. ਸਰੀਰਕ ਪੱਖੋਂ ਅਸਮਰੱਥ ਵਿਦਿਆਰਥੀਆਂ ਲਈ ਵਜ਼ੀਫਾ।
3. ਖੇਡਾਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਸੰਬੰਧੀ ਵਜ਼ੀਫਾ।
4. ਮਾਪਿਆਂ ਦੀ ਇਕਲੌਤੀ ਲੜਕੀ ਲਈ ਵਜ਼ੀਫਾ।
5. ਏਡਜ਼/ਕੈਂਸਰ ਰੋਗੀਆਂ ਲਈ ਵਜ਼ੀਫਾ।
6. ਮਿਲਖੀ ਰਾਮ ਸ਼ਰਮਾ ਯਾਦਗਾਰੀ ਵਜ਼ੀਫਾ @250/- ਰੁਪਏ ਪ੍ਰਤੀ ਮਹੀਨਾ 10 ਮਹੀਨੇ ਲਈ।
7. ਸ੍ਰੀਮਤੀ ਊਧਮ ਕੌਰ ਮੈਨਨ ਵਿੱਦਿਅਕ ਵਜ਼ੀਫਾ @800/- ਰੁਪਏ ਪ੍ਰਤੀ ਮਹੀਨਾ 10 ਮਹੀਨੇ ਲਈ।
8. ਪੰਜਾਬ ਯੂਨੀਵਰਸਿਟੀ ਸੋਲਜਰ ਰਿਲੀਫ਼' ਫੰਡ ਵਿਚੋਂ 2 ਵਜ਼ੀਫੇ @400/- ਪ੍ਰਤੀ ਮਹੀਨਾ 10 ਮਹੀਨੇ ਲਈ।
9. ਰਾਧਾ ਕ੍ਰਿਸ਼ਨਾ ਪ੍ਰੇਮ ਕੌਰ ਵਜ਼ੀਫਾ।
10. ਲੇਟ ਦੀਵਾਨ ਸੋਮਨਾਥ ਵਜ਼ੀਫਾ/ਸਟਾਇਪੈਂਡ @400/ ਰੁਪਏ ਪ੍ਰਤੀ ਮਹੀਨਾ 10 ਮਹੀਨੇ ਲਈ
11. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ :-
    ਯੂਨੀਵਰਸਿਟੀ ਵਿਚੋਂ ਟਾਪ ਕਰਨ ਤੇ 'ਸ੍ਰੀ ਹਰੀ ਰਾਮ ਲੂਥਰ ਅਤੇ ਸ੍ਰੀਮਤੀ ਵੇਦ ਕੌਰ ਲੂਥਰ ਮੈਮੋਰੀਅਲ ਸਕਾਲਰਸ਼ਿਪ' ਦੇ ਰੂਪ ਵਿੱਚ 9000 ਰੁਪਏ ਵਜ਼ੀਫਾ।

### ਸਰਕਾਰੀ ਵਜ਼ੀਫੇ

ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਮਾਲੀ ਸਹਾਇਤਾ ਮੁਹੱਈਆ ਕਰਵਾਉਣ ਲਈ ਸਰਕਾਰ ਵੱਲੋਂ ਵੱਖ-ਵੱਖ ਤਰ੍ਹਾਂ ਦੇ ਵਜ਼ੀਫੇ ਦਿੱਤੇ ਜਾਂਦੇ ਹਨ:

1. D.P.I. (Pb) ਦੀ ਪ੍ਰਵਾਨਗੀ ਉਪਰੰਤ ਅਨੁਸੂਚਿਤ ਜਾਤੀਆਂ, ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ।
2. ਘੱਟ ਗਿਣਤੀਆਂ ਲਈ ਸਪੈਸ਼ਲ ਸਕਾਲਰਸ਼ਿਪ (ਸਿੱਖ, ਮੁਸਲਿਮ ਅਤੇ ਪਾਰਸੀ) ਭਾਰਤ ਸਰਕਾਰ ਵੱਲੋਂ ਇਹ ਵਿਸ਼ੇਸ਼ ਸਹਾਇਤਾ ਘੱਟ ਗਿਣਤੀ ਫਿਰਕਿਆਂ ਲਈ ਦਿੱਤੀ ਜਾਂਦੀ ਹੈ।

### ਵਿਧਵਾ ਕਰਮਚਾਰੀਆਂ ਲਈ ਰਿਆਇਤਾਂ/ਸਹੂਲਤਾਂ:

ਵਿਦਿਆਰਥੀ ਜੋ ਪਿਛਲੀ ਪ੍ਰੀਖਿਆ ਵਿਚ 90% ਅੰਕ ਪ੍ਰਾਪਤ ਕੀਤੇ ਹੋਣ, ਉਨ੍ਹਾਂ ਦੇ ਮਾਪਿਆਂ ਦੀ ਸਲਾਨਾ ਆਮਦਨ 2 ਲੱਖ ਤੋਂ ਘੱਟ ਹੋਵੇ।

ਦਾਖਲਾ ਫਾਰਮ ਨਾਲ ਸਬੂਤ ਦੀ ਕਾਪੀ ਦੇਣੀ ਜਰੂਰੀ ਹੈ।

